# ਐਮ.ਪੀ.ਲੈਡ ਸਕੀਮ ਦੀ ਰਿਵਿਊ ਸਬੰਧੀ ਸ੍ਰੀ ਵਿਜੈ ਕੁਮਾਰ ਜੰਜੂਆ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ 16.01.2023 ਨੂੰ ਸ਼ਾਮ 4.00 ਵਜੇ ਹੋਈ ਮੀਟਿੰਗ ਦੀ ਕਾਰਵਾਈ

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ:-

1) ਸ੍ਰੀ ਵਿਕਾਸ ਪ੍ਰਤਾਪ, ਪ੍ਰਮੁੱਖ ਸਕੱਤਰ ਯੋਜਨਾ
2) ਸ੍ਰੀ ਡੀ.ਕੇ. ਤਿਵਾੜੀ, ਪ੍ਰਮੁੱਖ ਸਕੱਤਰ, ਜਲ ਸਪਲਾਈ ਅਤੇ ਸੈਨੀਟੇਸ਼ਨ
3) ਸ੍ਰੀ ਨੀਲਕੰਠ ਐਸ.ਅਵਧ, ਸਕੱਤਰ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ)
4) ਸ੍ਰੀ ਵਰਿੰਦਰ ਕੁਮਾਰ ਸ਼ਰਮਾ, ਡਾਇਰੈਕਟਰ ਜਨਰਲ ਸਕੂਲ ਸਿੱਖਿਆ
5) ਸ੍ਰੀ ਰਾਕੇਸ਼ ਕੁਮਾਰ ਗਰਗ, ਸੰਯੁਕਤ ਸਕੱਤਰ ਯੋਜਨਾ
6) ਸਮੂਹ ਡਿਪਟੀ ਕਮਿਸ਼ਨਰ ਜਾਂ ਨੁਮਾਇੰਦੇ (ਵੀਡੀਓ ਕਾਨਫਰੰਸ ਰਾਹੀਂ)
7) ਸ੍ਰੀ ਸੰਜੀਵ ਕੁਮਾਰ ਗਰਗ, ਸੰਯੁਕਤ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ

ਮੀਟਿੰਗ ਦੀ ਸ਼ੁਰੂਆਤ ਪ੍ਰਮੁੱਖ ਸਕੱਤਰ, ਯੋਜਨਾ ਨੇ ਮੀਟਿੰਗ ਵਿੱਚ ਹਾਜ਼ਰ ਹੋਏ ਅਧਿਕਾਰੀਆਂ ਨੂੰ ਜੀ ਆਇਆਂ ਆਖਿਆ।

**ਆਈਟਮ ਨੰ:1 ਜਨਰਲ ਸੂਚਨਾ:**

ਪ੍ਰਮੁੱਖ ਸਕੱਤਰ, ਯੋਜਨਾ ਨੇ ਹਾਊਸ ਨੂੰ ਜਾਣਕਾਰੀ ਦਿੱਤੀ ਕਿ ਐਮ.ਪੀ.ਲੈਡ ਸਕੀਮ ਸਾਲ 1993-94 ਤੋਂ ਲਾਗੂ ਹੋਈ ਸੀ,ਅਧੀਨ ਹੁਣ ਤੱਕ ਪੰਜਾਬ ਰਾਜ ਨੂੰ ਪ੍ਰਾਪਤ ਹੋਏ 1520.55 ਕਰੋੜ ਰੁਪਏ ਦੇ ਫੰਡਜ਼ ਵਿਚੋਂ ਕੁੱਲ 1473.37 ਕਰੋੜ ਰੁਪਏ (97%) ਖਰਚ ਹੋ ਗਏ ਹਨ। ਖਰਚੇ ਦੇ ਆਧਾਰ ਤੇ ਭਾਰਤ ਦੇ ਮੁੱਖ ਰਾਜਾਂ ਵਿੱਚੋਂ ਪੰਜਾਬ ਰਾਜ ਦਾ 9ਵਾਂ ਸਥਾਨ ਹੈ। ਪ੍ਰਮੁੱਖ ਸਕੱਤਰ, ਯੋਜਨਾ ਵਲੋਂ ਹਰ ਮੈਂਬਰ ਪਾਰਲੀਮੈਂਟ (ਲੋਕ ਸਭਾ ਅਤੇ ਰਾਜ ਸਭਾ) ਨੂੰ ਕੇਂਦਰੀ ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲਾ (MOSPI, GoI) ਭਾਰਤ ਸਰਕਾਰ ਵਲੋਂ ਸਾਲ ਵਿੱਚ 5.00 ਕਰੋੜ ਰੁਪਏ ਸਬੰਧੀ ਜਾਰੀ ਕੀਤੀਆਂ ਜਾਣ ਵਾਲੀਆਂ ਦੋ ਕਿਸ਼ਤਾਂ ਦੀ ਪਾਤਰਤਾ (eligibility) ਬਾਰੇ ਵੀ ਹਾਊਸ ਨੂੰ ਜਾਣਕਾਰੀ ਦਿੱਤੀ।

**ਆਈਟਮ ਨੰ:2 ਪੈਡਿੰਗ ਕਿਸ਼ਤਾਂ:**

**ੳ) 17ਵੀਂ ਲੋਕ ਸਭਾ:-** ਸਕੀਮ ਅਧੀਨ ਵੱਖ ਵੱਖ ਐਮ.ਪੀ.ਸਾਹਿਬਾਨਾਂ ਦੀਆਂ ਕਿਸ਼ਤਾਂ ਸਬੰਧੀ ਅਣਸੈਂਕਸ਼ਨਡ ਰਾਸ਼ੀ ਅਤੇ ਅਣਸਪੈਂਟ ਫੰਡਜ਼ ਨੂੰ ਡਿਟੇਲ ਵਿੱਚ ਰੀਵਿਊ ਕੀਤਾ ਗਿਆ। ਮੁੱਖ ਸਕੱਤਰ ਜੀ ਵਲੋਂ ਨਿਰਦੇਸ਼ ਦਿੱਤੇ ਗਏ ਕਿ:-

ਕਾਰਵਾਈ ਸਮੂਹ ਡਿਪਟੀ ਕਮਿਸ਼ਨਰ

- ਸਮੂਹ ਡਿਪਟੀ ਕਮਿਸ਼ਨਰ ਐਮ.ਪੀ. ਸਾਹਿਬਾਨਾਂ ਤੋਂ ਵੱਧ ਤੋਂ ਵੱਧ ਰਿਕਮੈਡਸ਼ਨਾਂ ਪ੍ਰਾਪਤ ਕਰਕੇ ਰਾਸ਼ੀ ਸੈਕਸ਼ਨ ਕਰਨ।
- ਸਮੂਹ ਡਿਪਟੀ ਕਮਿਸ਼ਨਰ ਹਰ 15 ਦਿਨ੍ਹਾਂ ਬਾਅਦ ਸਕੀਮ ਦੇ ਖਰਚੇ ਨੂੰ ਕਾਰਜਕਾਰੀ ਏਜੰਸੀਆਂ ਨਾਲ ਰੈਗੂਲਰ ਰਿਵਿਊ ਕਰਨ ਤਾਂ ਜੋ ਅਣਸਪੈਂਟ ਫੰਡ ਨੂੰ ਘਟਾਇਆ ਜਾ ਸਕੇ ਅਤੇ ਅਗਲੀਆਂ ਕਿਸ਼ਤਾਂ ਜਾਰੀ ਹੋ ਸਕਣ।
- ਇੰਪਲੀਮੈਂਟਿੰਗ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ ਸਕੀਮ ਅਧੀਨ ਜਾਰੀ ਕੀਤੇ ਫੰਡਾਂ ਦੇ ਵਰਤੋਂ ਸਰਟੀਫਿਕੇਟ ਸਬੰਧੀ ਸਹੀ ਰਿਪੋਰਟ ਨੋਡਲ ਜ਼ਿਲਿਆਂ ਨੂੰ ਭਿਜਵਾਉਣ।

- ਸਮੂਹ ਡਿਪਟੀ ਕਮਿਸ਼ਨਰ ਸਕੀਮ ਅਧੀਨ ਚਲ ਰਹੇ ਵਿਕਾਸ ਕੰਮਾਂ/ਪ੍ਰੋਜੈਕਟਾਂ ਦੀਆਂ ਲਿਸਟਾਂ ਪ੍ਰਬੰਧਕੀ ਵਿਭਾਗ ਵਾਈਜ਼ (ਜਿਵੇਂ ਲੋਕ ਨਿਰਮਾਣ ਵਿਭਾਗ, ਜਲ ਸਪਲਾਈ ਅਤੇ ਸੈਨੀਟੇਸ਼ਨ, ਸਕੂਲ ਸਿੱਖਿਆ, ਪੇਂਡੂ ਵਿਕਾਸ, ਸ਼ਹਿਰੀ ਵਿਕਾਸ ਆਦਿ) ਮੁੱਖ ਦਫ਼ਤਰ ਨੂੰ ਮਿਤੀ 31.01.2023 ਤੱਕ ਭੇਜਣ।
- ਚਲ ਰਹੇ ਕੰਮਾਂ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਕਿਸੇ ਕਾਰਜਕਾਰੀ ਏਜੰਸੀ ਤੋਂ ਕੰਮ ਕਰਵਾਉਣ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਉਹ ਉਨ੍ਹਾਂ ਕੰਮਾਂ ਦੀ ਡਿਟੇਲ ਮੁੱਖ ਦਫ਼ਤਰ ਨੂੰ ਭੇਜਣ ਤਾਂ ਜੋ ਇਸ ਸਬੰਧੀ ਸਬੰਧਤ ਪ੍ਰਬੰਧਕੀ ਵਿਭਾਗ ਦੇ ਪ੍ਰਬੰਧਕੀ ਸਕੱਤਰ ਦੇ ਧਿਆਨ ਵਿੱਚ ਲਿਆਂਦਾ ਜਾ ਸਕੇ।

ਕਾਰਵਾਈ ਡਿਪਟੀ ਕਮਿਸ਼ਨਰ ਜਲੰਧਰ, ਫਿਰੋਜ਼ਪੁਰ, ਲੁਧਿਆਣਾ ਅਤੇ ਐਸ.ਏ.ਐਸ.ਨਗਰ

**ਅ) ਰਾਜ ਸਭਾ ਦੇ ਐਮ.ਪੀ.ਸਾਹਿਬਾਨ:-** ਸਾਰੇ ਐਮ.ਪੀ.ਸਾਹਿਬਾਨਾਂ ਦੇ ਨਵੇਂ ਚੁਣੇ ਜਾਣ ਕਰਕੇ ਦੂਜੀ ਕਿਸ਼ਤ ਪੈਡਿੰਗ ਹੋਣ ਬਾਰੇ ਰਿਵਿਊ ਕੀਤਾ ਗਿਆ। ਸਾਰੇ ਐਮ.ਪੀ.ਸਾਹਿਬਾਨਾਂ ਦੀ ਅਣਸੈਕਸ਼ਨਡ ਰਾਸ਼ੀ ਜ਼ਿਆਦਾ ਹੋਣ ਕਰਕੇ ਸਬੰਧਤ ਡਿਪਟੀ ਕਮਿਸ਼ਨਰਾਂ ਜਲੰਧਰ, ਫਿਰੋਜ਼ਪੁਰ, ਲੁਧਿਆਣਾ ਅਤੇ ਐਸ.ਏ.ਐਸ.ਨਗਰ ਨੂੰ ਐਮ.ਪੀ.ਸਾਹਿਬਾਨਾਂ ਨਾਲ ਨਿੱਜੀ ਤੌਰ ਤੇ ਰਾਬਤਾ ਕਰਕੇ ਸਿਫਾਰਸ਼ਾਂ ਪ੍ਰਾਪਤ ਕਰਕੇ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਸੈਕਸ਼ਨ ਕਰਨ ਦੇ ਆਦੇਸ਼ ਦਿੱਤੇ।

ਕਾਰਵਾਈ ਡਿਪਟੀ ਕਮਿਸ਼ਨਰ ਗੁਜਦਾਸਪੁਰ ਅਤੇ ਹੁਸ਼ਿਆਰਪੁਰ

**ੲ) ਸਾਬਕਾ ਲੋਕ ਸਭਾ ਅਤੇ ਰਾਜ ਸਭਾ ਦੇ ਐਮ.ਪੀ.ਸਾਹਿਬਾਨ:-** ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਨੂੰ MOSPI, GoI ਨਾਲ ਰਾਬਤਾ ਕਰਕੇ ਪੈਡਿੰਗ ਕਿਸ਼ਤਾਂ ਜਾਰੀ ਕਰਵਾਉਣ ਦੇ ਆਦੇਸ਼ ਦਿੱਤੇ ਅਤੇ ਨਾਲ ਹੀ ਸਕੀਮ ਅਧੀਨ ਜਾਰੀ ਫੰਡਾਂ ਨੂੰ ਹਰ 15 ਦਿਨ੍ਹਾਂ ਬਾਅਦ ਕਾਰਜਕਾਰੀ ਏਜੰਸੀਆਂ ਨਾਲ ਰਿਵਿਊ ਕਰਕੇ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਦੇ ਆਦੇਸ਼ ਵੀ ਦਿੱਤੇ।

## ਆਈਟਮ ਨੰ:3 ਫੰਡਾਂ ਦੀ ਵਰਤੋਂ ਦੀ ਸਥਿਤੀ:

ਕਾਰਵਾਈ ਸਮੂਹ ਡਿਪਟੀ ਕਮਿਸ਼ਨਰ

17ਵੀਂ ਲੋਕ ਸਭਾ, 16ਵੀਂ ਲੋਕ ਸਭਾ, ਮੌਜੂਦਾ ਰਾਜ ਸਭਾ ਅਤੇ ਸਾਬਕਾ ਰਾਜ ਸਭਾ ਅਧੀਨ ਹੁਣ ਤੱਕ ਪ੍ਰਾਪਤ ਫੰਡਜ਼, ਸੈਕਸ਼ਨ ਕੀਤੇ ਫੰਡ, ਖਰਚਾ ਅਤੇ ਬਕਾਇਆ ਵਰਤੋਂ ਸਰਟੀਫਿਕੇਟਜ਼ ਨੂੰ ਰਿਵਿਊ ਕੀਤਾ। ਮੁੱਖ ਸਕੱਤਰ ਪੰਜਾਬ ਜੀ ਨੇ ਡਿਪਟੀ ਕਮਿਸ਼ਨਰਾਂ ਨੂੰ ਕਾਰਜਕਾਰੀ ਏਜੰਸੀਆਂ ਨਾਲ ਹਰ 15 ਦਿਨ੍ਹਾਂ ਬਾਅਦ ਰਿਵਿਊ ਕਰਕੇ ਵਰਤੋਂ ਸਰਟੀਫਿਕੇਟ ਪ੍ਰਾਪਤ ਕਰਨ ਦੇ ਆਦੇਸ਼ ਦਿੱਤੇ।

## ਆਈਟਮ ਨੰ:4 ਐਸ.ਸੀ./ਐਸ.ਟੀ. ਏਰੀਆ ਦੇ ਵਿਕਾਸ ਲਈ ਫੰਡਜ਼ ਜਾਰੀ ਕਰਨ ਸਬੰਧੀ:

ਕਾਰਵਾਈ ਸਮੂਹ ਡਿਪਟੀ ਕਮਿਸ਼ਲਰ

ਸਮੂਹ ਡਿਪਟੀ ਕਮਿਸ਼ਨਰਾਂ ਨੂੰ ਮੁੱਖ ਸਕੱਤਰ ਜੀ ਨੇ ਹਦਾਇਤਾਂ ਅਨੁਸਾਰ ਐਸ.ਸੀ/ਐਸ.ਟੀ. ਏਰੀਆ ਦੇ ਵਿਕਾਸ ਲਈ ਸਕੀਮ ਅਧੀਨ ਘੱਟੋ ਘੱਟ 22.5% ਫੰਡਜ਼ ਖਰਚਣ ਦੇ ਆਦੇਸ਼ ਦਿੱਤੇ।

**ਅੰਤ ਵਿੱਚ ਮੁੱਖ ਸਕੱਤਰ ਜੀ ਨੇ ਐਮ.ਪੀ.ਲੈਡ ਸਕੀਮ ਦੀ ਮਹੱਤਤਾ ਨੂੰ ਦੇਖਦੇ ਹੋਏ ਅਗਲੀ ਰਿਵਿਊ ਮੀਟਿੰਗ ਮਾਰਚ, 2023 ਵਿੱਚ ਕਰਵਾਉਣ ਦੇ ਆਦੇਸ਼ ਦਿੱਤੇ। ਮੀਟਿੰਗ ਧੰਨਵਾਦ ਸਹਿਤ ਸਮਾਪਤ ਹੋਈ।**